1062

ਬਿਨਾਂ ਆਗਿਆ ਕੋਈ ਨਾ ਛਾਪੇ ॥

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਮੇਰਾ ਤੇ ਸਾਧੂ ਸ੍ਵਾਮੀ ਦਯਾ ਨੰਦ

ਦਾ

G.316

# ਸੰਬਾਦ

ਜੋ

ਚੋਟੀ ਦੇ ਸਿਖ ਵਿਦਵਾਨ ਸ੍ਰੀ ਮਾਨ ਪ੍ਰਲੋਕ ਵਾਸੀ
ਭਾਈ ਦਿੱਤ ਸਿੰਘ ਜੀ ਗਯਾਨੀ ਦਾ
ਸਾਧੂ ਸਵਾਮੀ ਦਯਾ ਨੰਦ ਜੀ ਨਾਲ
ਲਾਹੌਰ ਵਿਚ ਹੋਇਆ !

ਜਿਸ ਨੂੰ

**ਮੇਸਰਜ਼ ਤਾਰਾ ਸਿੰਘ ਕਿਸ਼ਨ ਸਿੰਘ**
ਮਾਲਕ ਦਿੱਤ ਹਤੀ ਬੁਕ ਡਿਪੋ ਬਾਜ਼ਾਰ ਮਾਈ ਸੇਵਾਂ
ਅੰਮ੍ਰਿਤਸਰ ਨੇ ਛਪਵਾਕੇ ਪ੍ਰਕਾਸ਼ਤ ਕੀਤਾ

'ਸੁਧਾਰਕ ਪ੍ਰੈਸ' ਅੰਮ੍ਰਿਤਸਰ ਵਿਚ ਭਾਈ ਸੇਵਾ ਸਿੰਘ
'ਪ੍ਰਿਧਾਨ ਬਹਾਦਰ' ਪ੍ਰਿੰਟਰ ਦੇ ਯਤਨ ਨਾਲ ਛਪਿਆ ॥

ਕਾਪੀ ੨੦੦੦ (ਦਸੰਬਰ ੧੯੩੨) ਕੀਮਤ –)॥

DYAL SINGH LAHORE LIBRARY

# ਭੂਮਿਕਾ

ਅਜ ਕਲ ਮਹਾਤਮਾਂ ਗਾਂਧੀ ਜੀ ਜੇਹਲ ਵਿਚ ਬੈਠੇ ਅਖੌਤੀ ਛੂਤ ਛਾਤ ਦੇ ਭੂਤ ਨੂੰ ਭਾਰਤ ਭੂਮੀ ਵਿਚੋਂ ਕੱਢਨ ਲਈ ਆਪਣੀ ਸਿਰ ਧੜ ਦੀ ਬਾਜੀ ਲਾਈ ਬੈਠੇ ਹਨ। ਉਨ੍ਹਾਂ ਦੀ ਇਸ ਘੋਰ ਤਪੱਸਿਆ ਦੇ ਪ੍ਰਤਾਪ ਨਾਲ ਅਜ ਹਜ਼ਾਰਾਂ ਸਾਲਾਂ ਦੀ ਮੁਰਦਾ ਹਿੰਦੂ ਜਾਤੀ ਵਿਚ ਵੀ ਮੁੜਕੇ ਜਾਨ ਪੈ ਰਹੀ ਜਾਪਦੀ ਹੈ।

ਸਿਖ, ਮੁਸਲਮਾਨ, ਈਸਾਈ, ਪਾਰਸੀ, ਯਹੂਦੀ ਆਦਿ ਭਾਰਤ ਵਾਸੀ ਕੌਮਾਂ ਤਾਂ ਅੱਗੇ ਹੀ ਇਨ੍ਹਾਂ ਛੂਤ ਛਾਤ ਦੇ ਭਰਮਾਂ ਤੋਂ ਅੱਡ ਬੈਠੀਆਂ ਹਨ।

ਅਸੀਂ ਮਹਾਤਮਾਂ ਗਾਂਧੀ ਜੀ ਦੇ ਇਸ ਖਿਆਲ ਨਾਲ ਕਦੀ ਸਹਿਮਤ ਨਹੀਂ ਹੋ ਸਕਦੇ ਕਿ ਇਹ ਸਾਰੇ ਅਖੌਤੀ ਅਛੂਤ ਕੇਵਲ ਹਿੰਦੂ ਜਾਤੀ ਦਾ ਅੰਗ ਕਹਾਕੇ ਤੇ ਹਿੰਦੂ ਮੰਦਰਾਂ ਵਿਚ ਮੂਰਤੀ ਪੂਜਾ ਕਰਕੇ ਹੀ ਅਕਾਲ ਪੁਰਖ ਦੀ ਸ਼ਰਨ ਨੂੰ ਪ੍ਰਾਪਤ ਕਰ ਸਕਦੇ ਹਨ।

ਅਸੀਂ ਮਹਾਤਮਾਂ ਜੀ ਤਾਈਂ ਇਹ ਪ੍ਰਗਟ ਕਰ ਦੇਣਾ ਅਤੀ ਜ਼ਰੂਰੀ ਸਮਝਦੇ ਹਾਂ, ਕਿ "ਮਾਨਸ ਕੀ ਜਾਤ ਸਬੈ ਏਕੋ ਪੈਹਚਾਨਬੋ" ਦੇ ਅਕਾਲੀ ਢੰਡੋਰੇ ਨੇ ਅਜ ਸਮੂਹ ਸੰਸਾਰੀ ਜੀਵਾਂ ਦੇ ਭਲੀ ਪ੍ਰਕਾਰ ਕੰਨ ਖੋਲ੍ਹ ਦਿਤੇ ਹੋਏ ਹਨ, ਅਤੇ ਖਤ੍ਰੀ ਬ੍ਰਹਮਨ, ਸ਼ੂਦ੍ਰ, ਵੈਸ਼ ਚੌਂਹਾਂ ਵਰਨਾਂ ਨੂੰ ਸਾਂਝਾ ਉਪਦੇਸ਼ ਕਰਨ ਲਈ ਜਮਹੂਰ ਦੇਗੁਰੂ ਸ੍ਰੀ ਗੁਰੂਗ੍ਰੰਥ ਸਾਹਿਬਜੀਮਹਾਰਾਜ ਦੇ ਬਿਨਾਂ ਸਾਨੂੰ ਅੱਜ ਹੋਰ ਕੋਈ ਅਜੇਹੀ ਧਰਮ ਪੁਸਤਕ

ਦੁਨੀਆਂਵਿੱਚਨਜ਼ਰਨਹੀਂਪੈਂਦੀ।ਜਿਸਵਿਚਕਸਾਈ,ਮੁਸਲਮਾਨ, ਚੁਮਾਰ, ਛੀਂਬੇ, ਜਟ, ਖੜ੍ਹੀ, ਬ੍ਰਹਮਨ ਆਦਿ ਸਮੂਹ ਜਾਤੀਆਂ ਦੇ ਬਜ਼ੁਰਗਾਂ ਦੇ ਪੂਰਨ ਸ਼ਾਂਤੀ ਤੇ ਏਕਤਾ ਵਾਲੇ ਰਬੀ ਉਪਦੇਸ਼ਾਂ ਦੀ ਸਾਂਝੀ ਪੂਜਾ ਹੁੰਦੀ ਹੋਵੇ।

ਇਸ ਲਈ ਮਹਾਤਮਾਂ ਜੀ ਯਾ ਕਿਸੇ ਹੋਰ ਪ੍ਰਾਣੀ ਨੂੰ ਇਸ ਰੱਬੀ ਲੈਹਰ ਨੂੰ ਹਿੰਦੂ ਜਾਤੀ ਤਕ ਮਹਿਦੂਦ ਰਖਣ ਦਾ ਕੋਈ ਹਕ ਨਹੀਂ।

ਸਾਡਾ ਇਸ ਪੁਸਤਕ ਨਾਲ ਅਜਿਹੀ ਭੂਮਕਾ ਲਿਖਣ ਦਾ ਕੇਵਲ ਇਹੋ ਹੀ ਪ੍ਰਯੋਜਨ ਹੈ ਕਿ ਜਿਸਤਰਾਂ ਸਾਧੂ ਸਵਾਮੀ ਦਯਾ ਨੰਦ ਜੀ ਨੂੰ ਸ੍ਰੀ ਮਾਨ ਪ੍ਰਲੋਕ ਵਾਸੀ ਭਾਈ ਦਿਤ ਸਿੰਘ ਜੀ ਗਯਾਨੀ ਨੇ ਅਖੌਤੀ ਅਛੂਤ ਜਾਤੀ ਵਿਚ ਜਨਮ ਲੈਕੇ ਸ੍ਰੀ ਅਕਾਲ ਪੁਰਖ ਦੀ ਕੁਦਰਤ ਦਾ ਚਮਤਕਾਰਾ ਦਿਖਾਇਆ ਸੀ, ਇਸੀ ਤਰਾਂ ਅੱਜ ਮਹਾਤਮਾਂ ਗਾਂਧੀ ਤੇ ਉਨਾਂ ਦੇ ਦੂਜੇ ਦੇਸ਼ ਭਗਤ ਸ਼ਰਧਾਲੂ ਭਾਈਆਂ ਨੂੰ ਵੀ ਪਤਾ ਲਗ ਜਾਨਾ ਚਾਹੀਦਾ ਹੈ ਕਿ ਸ੍ਰੀ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਘਰ ਸਭਨਾਂ ਸੰਸਾਰੀ ਜੀਵਾਂ ਦਾ ਸਾਂਝਾ ਘਰ ਹੈ, ਕੇਵਲ ਇਸ ਘਰ ਦੀ ਸ਼ਰਨ ਆਇਆਂ ਹੀ ਸੰਸਾਰੀ ਜੀਵ ਸ੍ਰੀ ਅਕਾਲ ਪੁਰਖ ਦੀ ਸਚੀ ਸ਼ਰਨ ਨੂੰ ਪ੍ਰਾਪਤ ਕਰ ਸਕਦੇ ਹਨ।

ਦਾਸ—ਗੁਰਬਖਸ਼ ਸਿੰਘ ਪਾਤਨੀ
ਸਾਬਕ ਮੈਂਬਰ ਸਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.